# 30

# ''ਸੱਚੀ ਅੰਗੂਰ ਦੀ ਵੇਲ ਮੈਂ ਹਾਂ''

## (15:1–16:4)

ਨੌਰਮਨ ਰੌਕਵੈੱਲ ਦੀ ਬਣਾਈ ਪੇਂਟਿੰਗ ਦੀ ਮੇਰੇ ਅਧਿਐਨ ਹਾਲ ਵਿਚ ਟੰਗੀ ਹੋਈ ਹੈ। ਇਸ ਤਸਵੀਰ ਵਿਚ ਇਕ ਕਹਾਣੀ ਮਿਲਦੀ ਹੈ ਜੋ ਸਾਡੇ ਵਿੱਚੋਂ ਹਰ ਕਿਸੇ ਨਾਲ ਕਦੇ ਨਾ ਕਦੇ ਵਾਪਰੀ ਹੁੰਦੀ ਹੈ: ਇਹ ਕਹਾਣੀ ਘਰ ਛੱਡਣ ਦੀ ਹੈ। ਇਸ ਤਸਵੀਰ ਵਿਚ ਇਕ ਪਿਤਾ ਨੂੰ ਆਪਣੇ ਪੁੱਤਰ ਦੇ ਕੋਲ਼ ਪਰਿਵਾਰ ਦਾ ਸਮਾਨ ਢੋਣ ਵਾਲੇ ਇਕ ਪੁਰਾਣੇ ਟਰੱਕ ਵਿਚ ਬੈਠੇ ਵਿਖਾਇਆ ਗਿਆ ਹੈ, ਜੋ ਸ਼ਾਇਦ ਪੁੱਤਰ ਨੂੰ ਕਾਲਜ ਛੱਡਣ ਲਈ ਬੱਸ ਦੀ ਉਡੀਕ ਕਰ ਰਿਹਾ ਹੈ। ਪਿਤਾ ਨੇ ਪਾਟੇ ਪੁਰਾਣੇ ਕੱਪੜੇ ਪਾਏ ਹੋਏ ਹਨ ਅਤੇ ਪੁੱਤਰ ਟਾਈ ਸੂਟ ਪਾਈ ਖੜਾ ਹੈ। ਪਿਤਾ ਬੁੱਢਾ, ਅਨਪੜ੍ਹ ਅਤੇ ਫ਼ਿਕਰਮੰਦ ਜਿਹਾ ਵਿਖਾਈ ਦੇ ਰਿਹਾ ਹੈ। ਪੁੱਤਰ ਜਵਾਨ, ਚਾਅ ਨਾਲ ਭਰਿਆ ਦੁਨੀਆਂ ਨੂੰ ਵੇਖਣ ਦਾ ਚਾਹਵਾਨ ਲੱਗਦਾ ਹੈ। ਤਸਵੀਰ ਵਿਚ ਉਦਾਸੀ ਦੀ ਇਕ ਛੋਹ ਹੈ, ਪਿਤਾ ਅਤੇ ਪਰਿਵਾਰ ਦੇ ਕੁੱਤੇ ਨੂੰ ਵੇਖ ਕੇ ਤਰਸ ਆਉਂਦਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ''ਵਿਦਿਆ'' ਹੋਣ ਦਾ ਵੇਲਾ ਹੈ ਅਤੇ ਦੁਖੀ ਹੋ ਕੇ ਆਪਣਾ ਸਿਰ ਜਵਾਨ ਦੀ ਲੱਤ ਤੇ ਰੱਖਿਆ ਹੋਇਆ ਹੈ। ਕਈ ਵਾਰ ਜਦ ਮੈਂ ਇਸ ਤਸਵੀਰ ਨੂੰ ਵੇਖਦਾ ਹਾਂ ਤਾਂ ਇਸ ਜਵਾਨ ਵਿਚ ਮੈਨੂੰ ਆਪਣਾ ਚਿਹਰਾ ਨਜ਼ਰ ਆਉਂਦਾ ਹੈ। ਅੱਜ ਕੱਲ੍ਹ ਬਹੁਤੀ ਵਾਰ ਆਪਣੇ ਪਿਤਾ ਦੀ ਤਸਵੀਰ ਮੈਨੂੰ ਆਪਣੀ ਹੀ ਲੱਗਦੀ ਹੈ। ਕਦੀ ਕਦੀ ਕੁੱਤੇ ਵਿਚ ਵੀ ਮੈਨੂੰ ਆਪਣਾ ਆਪ ਵਿਖਾਈ ਦਿੰਦਾ ਹੈ!

ਇਕ ਸਵਾਲ ਜੋ ਰੌਕਵੈੱਲ ਦੀ ਪੇਂਟਿੰਗ ਪੁੱਛ ਰਹੀ ਲੱਗਦੀ ਹੈ ਉਹ ਇਹ ਹੈ ਕਿ ''ਪਿਤਾ ਕੀ ਸੋਚ ਰਿਹਾ ਹੈ?'' ਮੈਂ ਕਲਪਨਾ ਕਰਦਾ ਹਾਂ ਕਿ ਜਦ ਬੱਸ ਆਵੇਗੀ ਤਾਂ ਦੋਵੇਂ ਖੜੇ ਹੋਣਗੇ ਅਤੇ ਪਿਤਾ ਆਖੇਗਾ, ''ਬੇਟਾ, ਆਪਣਾ ਖ਼ਿਆਲ ਰੱਖੀਂ, ਸੁਣਿਆ ਨਾ?'' ਜਾਂ ਸ਼ਾਇਦ ਇਹ ਕਿ ''ਬੇਟਾ, ਆਪਣੀ ਮਾਂ ਨੂੰ ਚਿੱਠੀ ਲਿਖਣਾ। ਉਹਨੂੰ ਤੇਰੀ ਬੜੀ ਫ਼ਿਕਰ ਰਹੇਗੀ।'' ਜੋ ਵੀ ਹੋਵੇ, ਮੇਰੀ ਦਿਲਚਸਪੀ ਇਸ ਗੱਲ ਵਿਚ ਨਹੀਂ ਹੈ ਕਿ ਉਹ ਕੀ ਕਹੇਗਾ, ਕਿਉਂਕਿ ਮੇਰੀਆਂ ਭਾਵਨਾਵਾਂ ਤਾਂ ਉਸਦੇ ਮਨ ਵਿਚ ਹੀ ਲੁਕੀਆਂ ਰਹਿੰਦੀਆਂ ਹਨ। ਮੈਨੂੰ ਲੱਗਦਾ ਹੈ ਕਿ ਉਹ ਆਪਣੇ ਬੇਟੇ ਦੇ ਭਵਿੱਖ ਬਾਰੇ ਸੋਚ ਰਿਹਾ ਹੈ। ਕੀ ਉਹ ਉਸ ਲਈ ਤਿਆਰ ਹੈ? ਕੀ ਉਸ ਨੂੰ ਚੰਗੇ ਦੋਸਤ ਮਿਲ ਜਾਣਗੇ? ਕੀ ਉਸ ਨੂੰ ਸਮਝ ਆ ਜਾਏਗੀ ਕਿ ਮਨ ਦੀ ਪੀੜ ਤੇ ਕਿਸ ਤਰ੍ਹਾਂ ਕਾਬੂ ਪਾਉਣਾ ਹੈ? ਕੀ ਕਾਮਯਾਬ ਹੋ ਕੇ ਉਹ ਬਦਲ ਜਾਏਗਾ? ਕੀ ਪਿਤਾ ਨੇ ਦੁਨੀਆਂ ਵਿਚ ਰਹਿਣ ਲਈ ਉਸਨੂੰ ਸਭ ਗੱਲਾਂ ਦੱਸ ਦਿੱਤੀਆਂ ਹਨ?

ਰੌਕਵੈੱਲ ਦੀ ਇਸ ਤਸਵੀਰ ਵਿਚ ਬੱਸ ਐਨੇ ਤੇ ਪਿਤਾ ਅਤੇ ਪੁੱਤਰ ਦੀਆਂ ਤਸਵੀਰਾਂ ਵਿਚ ਸਾਨੂੰ ਆਪਣੇ ਪਾਠ ਦਾ ਅਧਿਐਨ ਕਰਨ ਦੀ ਤਿਆਰੀ ਮਿਲਦੀ ਹੈ। ਯੂਹੰਨਾ 13 ਤੋਂ 17 ਅਧਿਆਇ ਵਿਚ ਸਲੀਬ ਤੇ ਚੜ੍ਹਨ ਤੋਂ ਪਹਿਲਾਂ ਯਿਸੂ ਦੇ ਆਖ਼ਰੀ ਕੁਝ ਘੰਟਿਆਂ ਬਾਰੇ ਲਿਖਿਆ ਹੈ । ਅਧਿਆਇ 13 ਵਿਚ ਉਸ ਨੇ ਚੇਲਿਆਂ ਦੇ ਪੈਰ ਧੋਤੇ, ਅਤੇ ਅਧਿਆਇ 14 ਵਿਚ ਉਨ੍ਹਾਂ ਦਾ ਡਰ ਦੂਰ ਕੀਤਾ। ਪਵਿੱਤਰ ਲਿਖਤ ਦੇ ਇਸ ਭਾਗ, ਯੂਹੰਨਾ 15:1-16:4 ਵਿਚ ਅਸੀਂ ਵੇਖਾਂਗੇ ਕਿ ਉਸ ਨੇ ਆਪਣੇ ਚੇਲਿਆਂ ਨੂੰ ਆਉਣ ਵਾਲੇ ਦੁੱਖ ਦਾ ਸਾਹਮਣਾ ਕਰਨ ਲਈ ਕਿਵੇਂ

ਤਿਆਰ ਕੀਤਾ। ਉਸ ਨੇ ਉਨ੍ਹਾਂ ਨੂੰ ਬਿਨਾ ਔਖਿਆਈ ਦਾ ਸਾਹਮਣਾ ਤਿੰਨ ਮੁੱਖ ਮੁੱਦਿਆਂ ਦੀ ਕਲਪਨਾ ਕਰਕੇ ਤਿਆਰ ਕੀਤਾ।

## ਪਹਿਲੀ ਗੱਲ: ਲੋਕਾਂ ਵੱਲੋਂ ਸਤਾਅ (15:18-16:4)

ਕੀ ਤੁਹਾਡੇ ਨਾਲ ਕਦੀ ਅਜਿਹਾ ਹੋਇਆ ਹੈ ਕਿ ਤੁਹਾਨੂੰ ਕਿਸੇ ਨੇ ਨਾਪਸੰਦ ਕੀਤਾ ਹੋਵੇ ਜਾਂ ਤੁਹਾਡੇ ਨਾਲ ਨਫ਼ਰਤ ਕੀਤੀ ਹੋਵੇ ਅਤੇ ਤੁਹਾਨੂੰ ਪਤਾ ਨਾ ਹੋਵੇ ਕਿ ਉਸ ਨੇ ਅਜਿਹਾ ਕਿਉਂ ਕੀਤਾ ਹੈ? ਮੇਰੀ ਭੈਣ ਨਾਲ ਉਸ ਦੇ ਕਾਲਜ ਦੇ ਦਿਨਾਂ ਵਿਚ ਅਜਿਹਾ ਹੀ ਹੋਇਆ ਸੀ। ਉਸਨੇ ਵੇਖਿਆ ਕਿ ਇਕ ਵਿਦਿਆਰਥੀ ਉਸ ਵੱਲ ਇਵੇਂ ਵੇਖਦਾ ਹੈ ਜਿਵੇਂ ਉਸ ਨਾਲ ਨਫ਼ਰਤ ਕਰਦਾ ਹੋਵੇ, ਪਰ ਉਸ ਨੂੰ ਉਸਦਾ ਨਾਂਅ ਵੀ ਪਤਾ ਨਹੀਂ ਸੀ। ਕਈ ਵਾਰ ਜਦ ਉਹ ਇਕ ਦੂਜੇ ਦੇ ਕੋਲੋਂ ਦੀ ਲੰਘਦੇ, ਤਾਂ ਮੇਰੀ ਭੈਣ ਮੁਸਕਰਾਉਂਦਿਆਂ ਹੋਇਆਂ ਉਸ ਨੂੰ ਬੜੀ ਨਮਰਤਾ ਨਾਲ ''ਸਲਾਮ'' ਆਖਦੀ ਸੀ। ਪਰ ਉਹ ਤਿਊੜੀਆਂ ਚੜ੍ਹਾ ਕੇ, ਦੂਜੇ ਪਾਸੇ ਵੇਖਦਾ ਅਤੇ ਗੁੱਸੇ ਨਾਲ ਹੌਕਾ ਭਰਦਾ। ਉਸ ਨੇ ਇਸ ਅਜੀਬ ਹਾਲਾਤ ਬਾਰੇ ਆਪਣੀਆਂ ਸਹੇਲੀਆਂ ਨੂੰ ਦੱਸਿਆ, ਪਰ ਉਨ੍ਹਾਂ ਨੂੰ ਲੱਗਾ ਕਿ ਇਹ ਉਹਦੇ ਦਿਮਾਗ ਦੀ ਕਲਪਨਾ ਹੋਵੇਗੀ।

ਇਕ ਦਿਨ ਮੇਰੀ ਭੈਣ ਨੂੰ ਕਿਸੇ ਦੂਜੇ ਜੋੜੇ ਅਤੇ ਉਨ੍ਹਾਂ ਦੇ ਇਕ ਜਵਾਨ ਦੋਸਤ ਨਾਲ ''ਬਲਾਈਂਡ ਡੇਟ'' ਤੇ ਬਾਹਰ ਜਾਣ ਲਈ ਕਿਹਾ ਗਿਆ। ਉਹ ਮੰਨ ਗਈ। ਜਿਸ ਦਿਨ ਉਨ੍ਹਾਂ ਜਾਣਾ ਸੀ ਉਹ ਰਾਤ ਆ ਗਈ ਅਤੇ ਉਹਦੇ ਨਾਲ ਜਾਣ ਵਾਲਾ ਜਵਾਨ ਕੋਈ ਹੋਰ ਨਹੀਂ ਬਲਕਿ ਉਹੀ ਵਿਦਿਆਰਥੀ ਸੀ ਜਿਹੜਾ ਉਸ ਨਾਲ ਨਫ਼ਰਤ ਕਰਦਾ ਸੀ! ਉਹ ਸ਼ਾਮ ਬੜੀ ਭਿਆਨਕ ਸੀ। ਉਹ ਉਹਨੂੰ ਖ਼ਤਰਨਾਕ ਹੀ ਨਹੀਂ ਲੱਗਾ ਬਲਕਿ ਸਚਮੁਚ ਉਸ ਨਾਲ ਨਫ਼ਰਤ ਕੀਤੀ। ਉਸਦੀ ਕੋਈ ਵੀ ਗੱਲਬਾਤ ਪਿਆਰ ਨਾਲ ਜਾਂ ਨਰਮਾਈ ਨਾਲ ਨਹੀਂ ਸੀ, ਅਤੇ ਨਾ ਉਸ ਨੇ ਡੇਟ ਨੂੰ ਅਨੰਦਮਈ ਬਣਾਉਣ ਦੀ ਕੋਈ ਕੋਸ਼ਿਸ਼ ਕੀਤੀ ਸੀ। ਮੇਰੀ ਭੈਣ ਇਹ ਵੇਖ ਕੇ ਬੜੀ ਘਬਰਾ ਗਈ। ਉਸ ਨੇ ਅਜਿਹਾ ਕੁਝ ਵੀ ਨਹੀਂ ਕੀਤਾ ਸੀ ਜਿਸ ਨਾਲ ਉਸ ਨੂੰ ਲੱਗੇ ਕਿ ਉਸ ਨੇ ਉਸ ਆਦਮੀ ਨੂੰ ਦੁੱਖ ਪੁਚਾਇਆ ਹੋਵੇ, ਫਿਰ ਵੀ ਉਸ ਨੇ ਉਸ ਨਾਲ ਅਜਿਹਾ ਵਿਹਾਰ ਕੀਤਾ ਜਿਵੇਂ ਉਹ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਹੋਵੇ। ਬਾਅਦ ਚ ਮੇਰੀ ਭੈਣ ਨੂੰ ਪਤਾ ਲੱਗਾ ਕਿ ਉਸ ਦੀ ਸ਼ਕਲ ਉਸ ਮੁੰਡੇ ਦੇ ਕਿਸੇ ਪੁਰਾਣੀ ਸਹੇਲੀ ਨਾਲ ਮਿਲਦੀ ਸੀ ਜਿਸ ਨੇ ਉਸ ਨੌਜਵਾਨ ਦਾ ਸਕੂਲ ਛੱਡਣ ਤੋਂ ਕੁਝ ਪਹਿਲਾਂ ਦਿਲ ਤੋੜ ਦਿੱਤਾ ਸੀ!

ਵਚਨ ਦੇ ਸਾਡੇ ਇਸ ਭਾਗ ਵਿਚ, ਯਿਸੂ ਨੇ ਆਪਣੇ ਚੇਲਿਆਂ ਨੂੰ ਚੇਤਾਵਨੀ ਦਿੱਤੀ ਕਿ ਉਨ੍ਹਾਂ ਸਾਹਮਣੇ ਮੁਸ਼ਕਿਲ ਸਮਾਂ ਆਉਣ ਵਾਲਾ ਹੈ। ਛੇਤੀ ਹੀ ਉਨ੍ਹਾਂ ਨੇ ਵੀ ਮੇਰੀ ਭੈਣ ਵਾਂਗ ਘਬਰਾ ਜਾਣਾ ਸੀ! ਯਿਸੂ ਨੇ ਉਨ੍ਹਾਂ ਨੂੰ ਇਸ ਤਕਲੀਫ਼ਦੇਹ ਤਜਰਬੇ ਲਈ ਕਈ ਤਰ੍ਹਾਂ ਨਾਲ ਤਿਆਰੀ ਕਰਵਾਈ। ਪਹਿਲਾਂ ਤਾਂ, ਉਸਨੇ ਉਨ੍ਹਾਂ ਨੂੰ ਇਹ ਦੱਸਦਿਆਂ ਕਿ ਜਦ ਦੁਨੀਆਂ ਉਨ੍ਹਾਂ ਨਾਲ ਨਫ਼ਰਤ ਕਰੇ, ਉਨ੍ਹਾਂ ਨੂੰ ਯਾਦ ਰੱਖਣ ਲਈ ਕਿਹਾ ਕਿ ਸੰਸਾਰ ਨੇ ਇਸ ਤੋਂ ਪਹਿਲਾਂ ਯਿਸੂ ਨਾਲ ਵੀ ਨਫ਼ਰਤ ਕੀਤੀ ਸੀ (15:18)। ਉਹਦੇ ਚੇਲੇ ਹੋਣ ਕਰਕੇ, ਉਨ੍ਹਾਂ ਨਾਲ ਵੀ ਅਜਿਹਾ ਹੀ ਸਲੂਕ ਕੀਤਾ ਜਾ ਸਕਦਾ ਸੀ ਜਿਵੇਂ ਉਹਦੇ ਨਾਲ ਕੀਤਾ ਗਿਆ ਸੀ (15:20)। ਜੇ ਸੰਸਾਰ ਨੇ ਉਹ ਦੀ ਸੁਣੀ ਹੁੰਦੀ ਤਾਂ ਉਹ ਉਨ੍ਹਾਂ ਦੀ ਵੀ ਸੁਣਦਾ। ਪਰ ਆਮ ਤੌਰ ਤੇ ਸੰਸਾਰ ਨੇ ਉਸਨੂੰ ਸਤਾਇਆ ਹੀ ਸੀ, ਇਸ ਲਈ ਉਹ ਉਮੀਦ ਕਰ ਸਕਦੇ ਸਨ ਕਿ ਸੰਸਾਰ ਉਨ੍ਹਾਂ ਨਾਲ ਵੀ ਉਵੇਂ ਹੀ ਕਰੇਗਾ।

ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਤੇ ਸੰਸਾਰ ਵੱਲੋਂ ਸਤਾਅ, ''ਆਪਣੇ ਕਰਕੇ'' ਨਹੀਂ ਬਲਕਿ ਉਹ ਦੇ ਚੇਲੇ ਹੋਣ ਦੇ ਕਰਕੇ ਆਏਗਾ (15:21)। ਉਹ ਆਪਣੇ ਚੇਲਿਆਂ ਨੂੰ ਦੱਸਣਾ ਚਾਹੁੰਦਾ ਸੀ ਕਿ ਉਸ ਨਾਲ ਨਫ਼ਰਤ ਕਰਨ ਵਾਲੇ ਲੋਕਾਂ ਨੇ ਉਸ ਨਾਲ ਅਤੇ ਉਸ ਦੇ ਪਿਤਾ ਨਾਲ ਵੀ ਨਫ਼ਰਤ ਕੀਤੀ ਸੀ (15:23)। ਯਿਸੂ ਜਾਣਦਾ ਸੀ ਕਿ ਆਉਣ ਵਾਲੇ ਸਤਾਅ ਬਾਰੇ ਸਭ ਤੋਂ ਵੱਧ ਨਿਰਾਸ਼ਾ ਕਰਨ ਵਾਲੀ ਗੱਲ ਕਰਨ ਦਾ ਕੋਈ ਅਰਥ ਨਹੀਂ ਹੋਵੇਗਾ! ਉਸ ਨੇ ਪਹਿਲਾਂ ਹੀ ਵੇਖ ਲਿਆ ਸੀ ਕਿ ਇਹ ''ਫ਼ਜ਼ੂਲ'' ਹੋਵੇਗਾ (15:25)। ਉਸ ਨੂੰ ਉਮੀਦ ਸੀ ਵਕਤ ਤੋਂ ਪਹਿਲਾਂ ਜਾਣਨ ਨਾਲ ਚੇਲਿਆਂ ਲਈ ਬ੍ਰਦਾਸ਼ਤ ਕਰਨਾ ਸੌਖਾ ਹੋ ਜਾਵੇਗਾ।

ਚੇਲੇ ਸਿਨਾਗੋਗਾਂ (ਪ੍ਰਾਰਥਨਾ ਘਰਾਂ) ਚੋਂ ਬਾਹਰ ਕੱਢੇ ਜਾਣ ਦੀ ਉਮੀਦ ਵੀ ਕਰ ਰਹੇ ਸਨ।[1] ਉਨ੍ਹਾਂ ਲਈ ਯਿਸੂ ਦੀਆਂ ਚਿਤਾਵਨੀਆਂ ਵਿੱਚੋਂ ਸਭ ਤੋਂ ਵੱਧ ਤਕਲੀਫ਼ਦੇਹ ਇਹ ਗੱਲ ਹੋਵੇਗੀ, ''ਹਰੇਕ ਜੋ ਤੁਹਾਨੂੰ ਮਾਰ ਦੇਵੇ ਸੋ ਇਹ ਸਮਝੇਗਾ ਭਈ ਮੈਂ ਪਰਮੇਸ਼ੁਰ ਦੀ ਸੇਵਾ ਕਰਦਾ ਹਾਂ'' (16:2)। ਸਲੀਬ ਦਿੱਤੇ ਜਾਣ ਤੋਂ ਪਹਿਲੀ ਸ਼ਾਮ ਨੂੰ ਯਿਸੂ ਨੇ ਉਨ੍ਹਾਂ ਨੂੰ ਐਨਾ ਨਿਰਾਸ਼ ਕਰਨ ਵਾਲੀ ਖ਼ਬਰ ਕਿਉਂ ਦਿੱਤੀ? ਕਿਉਂਕਿ ਉਹ ਉਨ੍ਹਾਂ ਨੂੰ ਤਿਆਰ ਕਰਨਾ ਚਾਹੁੰਦਾ ਸੀ ਤਾਂਕਿ ਔਖੀ ਘੜੀ ਆਉਣ ਤੇ ਉਹ ਠੋਕਰ ਨਾ ਖਾਣ (16:1)। ਯਿਸੂ ਵੱਲੋਂ ਆਉਣ ਵਾਲੀਆਂ ਮੁਸ਼ਕਿਲਾਂ ਦੀ ਚਿਤਾਵਨੀ ਪਹਿਲਾਂ ਦੇਣ ਤੇ ਉਨ੍ਹਾਂ ਨੇ ਹਤਾਸ਼ ਨਹੀਂ ਹੋਣਾ ਸੀ (16:4)। ਦਲੇਰ ਕਰਨ ਅਤੇ ਸਮਝਾਉਣ ਲਈ ਯਿਸੂ ਦੇ ਉਨ੍ਹਾਂ ਨੂੰ ਅਜਿਹੀ ਕਿਸੇ ਚੇਤਾਵਨੀ ਦੀ ਲੋੜ ਨਹੀਂ ਸੀ। ਉਸ ਲਈ ਉਨ੍ਹਾਂ ਤੋਂ ਵੱਖ ਹੋਣ ਦੀ ਤਿਆਰੀ ਕਰਦੇ ਹੋਏ, ਉਨ੍ਹਾਂ ਦੇ ਰੂਹਾਨੀ ਜ਼ਿੰਦਗੀ ਲਈ ਇਹ ਸਿੱਖਿਆਵਾਂ ਜ਼ਰੂਰੀ ਸਨ।

ਯਿਸੂ ਦੇ ਪੈਰੋਕਾਰਾਂ ਦੇ ਰੂਪ ਵਿਚ ਅੱਜ ਸਾਡੀ ਸਥਿਤੀ ਕੁਝ ਫ਼ਰਕ ਹੋ ਸਕਦੀ ਹੈ, ਪਰ ਸਾਨੂੰ ਵੀ ਔਖਿਆਈ ਦਾ ਸਾਹਮਣਾ ਕਰਨ ਲਈ ਉਸ ਦੀਆਂ ਗੱਲਾਂ ਤੇ ਧਿਆਨ ਦੇਣਾ ਜ਼ਰੂਰੀ ਹੈ। ਸੰਸਾਰ ਵਿਚ ਅੱਜ ਵੀ ਕਈ ਥਾਂਵਾਂ ਤੇ, ਮਸੀਹੀ ਲੋਕਾਂ ਨੂੰ ਜ਼ਬਰਦਸਤ ਵਿਰੋਧਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਮਾਰਿਆ ਜਾਂਦਾ ਹੈ ਜਾਂ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ। ਉਨ੍ਹਾਂ ਦੇ ਘਰਾਂ ਨੂੰ ਸਾੜਿਆ ਜਾਂਦਾ ਹੈ, ਜਾਂ ਉਨ੍ਹਾਂ ਨੂੰ ਕਲੀਸੀਆ ਦੀਆਂ ਮੀਟਿੰਗਾਂ ਵਿਚ ਜਾਣੋਂ ਰੋਕਿਆ ਜਾਂਦਾ ਹੈ। ਇਹ ਮਸੀਹੀ ਲੋਕ ਇਸ ਆਇਤ ਵਿਚ ਯਿਸੂ ਦੀਆਂ ਗੱਲਾਂ ਨੂੰ ਸਮਝ ਸਕਦੇ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਤਕਲੀਫ਼ਾਂ ਦੇ ਆਉਣ ਤੇ ਹੈਰਾਨ ਨਹੀਂ ਹੋਣਾ ਚਾਹੀਦਾ, ਕਿਉਂਕਿ ਯਿਸੂ ਨੇ ਵੀ ਦੁੱਖ ਝੱਲਿਆ ਸੀ।

ਦੂਜੇ ਮਸੀਹੀ ਲੋਕਾਂ ਨੂੰ ਸਰੀਰਕ ਸਤਾਅ ਦੀ ਤੁਲਨਾ ਵਿਚ ਸਮਾਜਿਕ ਸਤਾਅ ਸਹਿਣਾ ਪੈ ਸਕਦਾ ਹੈ। ਸਰੀਰਕ ਰੂਪ ਵਿਚ ਉਨ੍ਹਾਂ ਨੂੰ ਭਾਵੇਂ ਮਾਰਿਆ ਨਾ ਜਾਂਦਾ ਹੋਵੇ, ਪਰ ਉਨ੍ਹਾਂ ਦੇ ਵਿਸ਼ਵਾਸ ਦੇ ਕਾਰਣ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ ਅਤੇ ਲੋਕ ਉਨ੍ਹਾਂ ਦੇ ਭਰੋਸੇ ਕਾਰਣ ਉਨ੍ਹਾਂ ਤੇ ਹੱਸਦੇ ਹਨ। 1992 ਵਿਚ ਫ਼ਿਲਮ ਅਲੋਚਕ ਮਾਈਕਲ ਮੈਡਵੁੱਡ ਨੇ *ਹਾਲੀਵੁੱਡ vs. ਅਮੈਰਿਕਾ* ਨਾਂ ਦੀ ਇਕ ਕਿਤਾਬ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿਚ ਉਸ ਨੇ ਵਿਖਾਇਆ ਕਿ ਫ਼ਿਲਮ ਉਦਯੋਗ ਕਿਵੇਂ ਧਰਮ ਅਤੇ ਧਾਰਮਿਕ ਕਦਰਾਂ ਦਾ ਮਜ਼ਾਕ ਉਡਾਉਣ ਦਾ ਕੋਈ ਮੌਕਾ ਨਹੀਂ ਗੁਆਉਂਦਾ। ਬਾਅਦ ਵਿਚ ਉਸ ਨੇ *ਹਾਲੀਵੁੱਡ vs. ਰਿਲਿਜਨ* ਨਾਂ ਦੀ ਇਕ ਵੀਡਿਓ ਵੀ ਬਣਾਈ। ਕਿਤਾਬ ਅਤੇ ਵੀਡੀਓ ਦੋਹਾਂ ਵਿਚ ਹੀ ਉਸ ਨੇ ਇਹ ਦੱਸਿਆ ਕਿ ਇਸ ਤੇ ਪੈਸਾ ਤਾਂ ਕਾਫ਼ੀ ਖ਼ਰਚ ਹੋ ਜਾਂਦਾ ਹੈ, ਪਰ ਲੱਗਦਾ ਹੈ ਕਿ ਹਾਲੀਵੁੱਡ ਦੇ ਫ਼ਿਲਮ ਬਣਾਉਣ ਵਾਲੇ ਖ਼ੁਦਾ ਵਿਚ ਵਿਸ਼ਵਾਸ਼ ਰੱਖਣ ਵਾਲਿਆਂ ਤੇ ਹਮਲਾ ਕਰਦੇ ਹਨ।

ਕਈ ਵਾਰ ਸਤਾਅ ਮਸੀਹੀ ਆਦਮੀ ਦੇ ਆਪਣੇ ਹੀ ਘਰ ਵਿਚ ਬਹੁਤਾ ਹੁੰਦਾ ਹੈ। ਇਕ ਪਤੀ ਜਾਂ ਪਤਨੀ ਵਿਸ਼ਵਾਸੀ ਜੀਵਨ ਸਾਥੀ ਦੀ ਅਲੋਚਨਾ ਕਰਕੇ ਉਸ ਦੇ ਵਿਸ਼ਵਾਸ ਦਾ ਅਪਮਾਨ ਕਰ ਸਕਦਾ/ਸਕਦੀ ਹੈ। ਅਜਿਹੇ ਸਤਾਅ ਦਾ ਰੂਪ ਸਭ ਤੋਂ ਔਖਾ ਹੁੰਦਾ ਹੈ। ਯਕੀਨਨ ਹੀ ਇਹੀ ਕਾਰਣ ਹੈ ਕਿ ਪਹਿਲੀ ਸਦੀ ਦੇ ਮਸੀਹੀਆਂ ਨੂੰ ਆਪਣੇ ਗ਼ੈਰ ਮਸੀਹੀ ਪਤੀ/ਪਤਨੀ ਨਾਲ ਰਹਿਣ ਦੀ ਹਦਾਇਤ ਦਿੱਤੀ ਤਾਂ ਗਈ ਸੀ, ਪਰ ਮਸੀਹੀ ਗ਼ੈਰ ਮਸੀਹੀ ਨਾਲ ਵਿਆਹ ਕਰਨ ਦਾ ਸੋਚਿਆ ਵੀ ਨਹੀਂ ਜਾ ਸਕਦਾ ਸੀ (1 ਕੁਰਿੰਥੀਆਂ 7: 12-16, 39)।

ਪੌਲੁਸ ਜੋ ਆਪ ਵੀ ਸਤਾਅ ਤੋਂ ਅਣਜਾਣ ਨਹੀਂ ਸੀ, ਨੇ ਰੋਮ ਵਿਚ ਕਲੀਸੀਆ ਨੂੰ ਲਿਖਿਆ, ''ਹੋ ਸੱਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ'' (ਰੋਮੀਆਂ 12: 18)। ਇਸ ਆਇਤ ਦੇ ਪਹਿਲੇ ਦਸ ਸ਼ਬਦਾਂ ਤੋਂ ਲੱਗਦਾ ਹੈ ਕਿ ਮੇਲ ਮਿਲਾਪ ਰੱਖਣਾ ਸਾਡੇ ਆਪਣੇ ਵੱਸ ਵਿਚ ਨਹੀਂ ਹੁੰਦਾ। ਕਈ ਵਾਰ ਸਾਡੇ ਰੂਹਾਨੀ ਵਿਰੋਧੀ ਮਾਮਲੇ ਨੂੰ ਸੁਲਝਣ ਨਹੀਂ ਦੇਣਾ ਚਾਹੁਣਗੇ, ਜਿਸ ਨਾਲ ਸਾਨੂੰ ਸਤਾਅ ਸਹਿਣਾ ਪਵੇਗਾ। ਯਿਸੂ ਲਈ ਸਤਾਏ ਜਾਣ ਅਤੇ ਉਹਦੇ ਪਿੱਛੇ ਚੱਲਣ ਲਈ ਦੁੱਖ ਉਠਾਉਣ ਦੀ ਚੇਤਾਵਨੀ ਨੂੰ ਧਿਆਨ ਵਿਚ ਰੱਖਦਿਆਂ ਸਾਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਉਸ ਦੀਆਂ ਗੱਲਾਂ ਠੋਕਰ ਲੱਗਣ ਤੋਂ ਬਚਾਉਣ ਵਿਚ ਮਦਦ ਕਰਦੀਆਂ ਹਨ!

## ਦੂਜੀ ਗੱਲ: ਯਿਸੂ ਤੋਂ ਜੁਦਾਈ (15:1-8)

ਸਾਫ਼ ਕਹੀਏ ਤਾਂ ਅਸੀਂ ਮਗਰੋਂ ਸ਼ੁਰੂ ਕਰ ਕੇ ਲਿਖਤ ਦੇ ਆਪਣੇ ਇਸ ਭਾਗ ਲਈ ਇਕ ਉਲਟਾ ਢੰਗ ਅਪਣਾਇਆ ਹੈ। ਅਜਿਹਾ ਕਰਨ ਦਾ ਕਾਰਣ ਉਸ ਮੁਸ਼ਕਿਲ ਨੂੰ ਵੇਖਣਾ ਸੀ ਜਿਹੜੀ ਇਸ ਵਿਚ ਦੱਸੀ ਗਈ ਹੈ। ਤਾਂ ਜੋ ਸਾਨੂੰ ਉਸ ਸਬੰਧ ਦਾ ਮਹੱਤਵ ਸਮਝ ਆ ਸਕੇ ਜੋ ਯਿਸੂ ਨੇ ਪਹਿਲਾਂ ਦੱਸਿਆ ਸੀ। ਨਹੀਂ ਤਾਂ, ਹੋ ਸਕਦਾ ਹੈ ਕਿ ਇਸ ਭਾਗ ਨੂੰ ਇਕ ਦਿਲਚਸਪ ਰੂਹਾਨੀ ਸਬਕ ਦੇ ਰੂਪ ਵਿਚ ਤਾਂ ਵੇਖਣ ਲੱਗ ਪਈਏ ਪਰ ਇਸ ਵਿੱਚੋਂ ਸਤਾਅ ਦੀ ਮੁਸ਼ਕਿਲਾ ਨੂੰ ਕੱਢ ਦੇਈਏ। ਇਸੇ ਲਈ ਅਸੀਂ ਇਸ ਪਾਠ ਦੇ ਅਖ਼ੀਰ ਤੋਂ ਅਰੰਭ ਕੀਤਾ ਸੀ ਅਤੇ ਹੁਣ ਅਸੀਂ ਅਰੰਭ ਨੂੰ ਸਮਝ ਸਕਦੇ ਹਾਂ।

ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਸੀ, ''ਮੈਂ ਸੱਚੀ ਅੰਗੂਰ ਦੀ ਬੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ'' (15: 1)। ਯੂਹੰਨਾ ਦੇ ਵਿਰਤਾਂਤ ਵਿਚ ਦੱਸੇ ਸੱਤ ''ਮੈਂ ਹਾਂ'' ਸ਼ਬਦਾਂ ਵਿੱਚੋਂ ਇਹ ਆਖ਼ਰੀ ਹੈ। ਅੰਗੂਰ ਦੀ ਵੇਲ ਅਤੇ ਟਹਿਣੀਆਂ ਪਿਤਾ, ਪੁੱਤਰ ਅਤੇ ਪੁੱਤਰ ਦੇ ਚੇਲਿਆਂ ਦੇ ਵਿਚ ਸਬੰਧ ਲਈ ਰੂਪਕ ਹੈ। ਯਿਸੂ ਵੇਲ ਹੈ, ਪਿਤਾ ਕਿਸਾਨ (ਜਾਂ ਮਾਲੀ) ਹੈ, ਅਤੇ ਚੇਲੇ ਟਹਿਣੀਆਂ ਹਨ। ਟਹਿਣੀਆਂ ਤੇ ਲੱਗਣ ਵਾਲਾ ਫ਼ਲ ਜ਼ਿੰਦਗੀਆਂ ਵਿਚ ਪਾਈ ਜਾਣ ਵਾਲੀ ਭਗਤੀ ਹੈ।

ਯਿਸੂ ਦੇ ਸੰਦੇਸ਼ ਦੇ ਇਸ ਰੂਪਕ ਵਿਚ ਵੇਲ ਤੇ ਲੱਗੀ ਟਹਿਣੀ ਵਾਂਗ ਉਸ ਨਾਲ ਜੁੜੇ ਰਹਿਣ ਦੀ ਅਹਿਮੀਅਤ ਨੂੰ ਵਿਖਾਇਆ ਗਿਆ ਹੈ। ਨਾਲ ਜੁੜੇ ਨਾ ਰਹਿਣ ਨਾਲ ਵੇਲ ਸੁੱਕ ਜਾਂਦੀ ਹੈ। ਫ਼ਲਦਾਇਕ ਟਹਿਣੀ ਹੋਣ ਲਈ ਵੇਲ ਨਾਲ ਜੁੜੇ ਰਹਿਣਾ ਜ਼ਰੂਰੀ ਹੈ ਅਤੇ ਜੁੜੇ ਰਹਿਣ ਦੇ ਬਾਵਜੂਦ ਫ਼ਲ ਨਾ ਦੇਣ ਵਾਲੀ ਟਹਿਣੀ ਨੂੰ ਕੱਟ ਦਿੱਤਾ ਜਾਂਦਾ ਹੈ (15:6)। ਯਿਸੂ ਨੇ ਸਮਝਾਇਆ ਕਿ ਕਿਸਾਨ ਫ਼ਲ ਨਾ ਦੇਣ ਵਾਲੀਆਂ ਟਹਿਣੀਆਂ ਨੂੰ ਲੱਭ ਕੇ ਉਨ੍ਹਾਂ ਨੂੰ ਛਾਂਗਦਾ ਹੈ ਤਾਂ ਜੋ ਉਹ ਫ਼ਲ ਦੇ ਸਕਣ (15:2)। ਇਸ ਅਧਿਆਇ ਦੀਆਂ ਸ਼ੁਰੂਆਤੀ ਆਇਤਾਂ ਵਿਚ ਯਿਸੂ

ਨੇ, ਛਾਂਗਣ ਦੀ ਗੱਲ ਨਾਲ ਇਸ਼ਾਰਾ ਕੀਤਾ ਕਿ ਯਿਸੂ ਦੇ ਮਗਰ ਚੱਲਣਾ ਚੇਲਿਆਂ ਲਈ ਭਵਿੱਖ ਵਿਚ ਤਕਲੀਫ਼ਦੇਹ ਹੋਵੇਗਾ।

ਯਿਸੂ ਨੇ ਜ਼ੋਰ ਦੇ ਕੇ ਕਿਹਾ ਕਿ ਚੇਲਿਆਂ ਲਈ ਉਸ ਵਿਚ ''ਬਣੇ'' ਰਹਿਣਾ ਜ਼ਰੂਰੀ ਹੈ। ਸੱਤ ਆਇਤਾਂ ਵਿਚ ਸੱਤ ਵਾਰ (15:1-7) ''ਬਣੇ'' ਰਹਿਣ ਦਾ ਸ਼ਬਦ ਯਿਸੂ ਦੇ ਮੂੰਹ ਤੇ ਮਿਲਦਾ ਹੈ। ਇਸ ਦਾ ਭਾਵ ਹੈ ''ਲਗਾਤਾਰ'' ਜਾਂ ''ਕਾਇਮ'' ਰਹਿਣਾ। ਜਿਵੇਂ ਟਹਿਣੀ ਨੂੰ ਵੇਲ ਵਿੱਚੋਂ ਖ਼ੁਰਾਕ ਮਿਲਦੀ ਹੈ ਉਵੇਂ ਹੀ ਚੇਲਿਆਂ ਨੂੰ ਯਿਸੂ ਵਿਚ ਰਹਿ ਕੇ ਜ਼ਿੰਦਗੀ ਮਿਲਦੀ ਸੀ। ਉਨ੍ਹਾਂ ਲਈ ਅਜਿਹੇ ਨਾਜ਼ੁਕ ਸਮੇਂ ਵਿਚ ਇਸ ਗੱਲ ਨੂੰ ਭੁੱਲਣਾ ਬਹੁਤ ਖ਼ਤਰਨਾਕ ਹੋਵੇਗਾ। ਵੇਲ ਤੋਂ ਵੱਖਰੇ ਹੋ ਕੇ, ਉਨ੍ਹਾਂ ਮਰ ਜਾਣਾ ਸੀ ਅਤੇ ਉਨ੍ਹਾਂ ਨੂੰ ਵੇਲ ਦੀ ਦੇਖਭਾਲ ਕਰਨ ਵਾਲੇ ਵੱਲੋਂ ਅੱਗ ਵਿਚ ਸਾੜ ਦਿੱਤਾ ਜਾਣਾ ਸੀ।

ਅਗਲੇ ਚੌਵ੍ਹੀ ਘੰਟਿਆਂ ਵਿਚ ਚੇਲਿਆਂ ਤੇ ਇਕ ਬਹੁਤ ਵੱਡੀ ਮੁਸੀਬਤ ਆਉਣ ਵਾਲੀ ਸੀ ਅਤੇ ਉਨ੍ਹਾਂ ਕੋਲ ਕਈ ਬਦਲ ਸਨ। ਯਿਸੂ ਦੇ ਪੈਰੋਕਾਰਾਂ ਦੇ ਰੂਪ ਵਿਚ, ਸਾਡੇ ਤੇ ਵੀ ਜੇ ਜਿਸਮਾਨੀ ਤਕਲੀਫ਼ ਨਹੀਂ ਪਰ ਵਿਰੋਧ ਅਤੇ ਰੂਹਾਨੀ ਦਬਾਅ ਤਾਂ ਆਏਗਾ ਹੀ, ਅਤੇ ਸਾਡੇ ਸਾਹਮਣੇ ਵੀ ਕਈ ਬਦਲ ਹੋਣਗੇ।

ਯਿਸੂ ਲਈ ਸਤਾਏ ਜਾਣ ਤੇ, ਅਸੀਂ ਉਸ ਨੂੰ ਛੱਡ ਕੇ ਜਾ ਸਕਦੇ ਹਾਂ।
ਯਿਸੂ ਲਈ ਸਤਾਏ ਜਾਣ ਤੇ, ਅਸੀਂ ਠੱਗੇ ਜਿਹੇ ਮਹਿਸੂਸ ਕਰ ਸਕਦੇ ਹਾਂ।
ਯਿਸੂ ਲਈ ਸਤਾਏ ਜਾਣ ਤੇ, ਅਸੀਂ ਉਸ ਤੋਂ ਮੁੱਕਰ ਸਕਦੇ ਹਾਂ।
ਯਿਸੂ ਲਈ ਸਤਾਏ ਜਾਣ ਤੇ, ਅਸੀਂ *ਵੇਲ ਨਾਲ ਜੁੜੇ* ਰਹਿ ਸਕਦੇ ਹਾਂ।

## ਤੀਜੀ ਗੱਲ: ਪ੍ਰੇਮ ਦੀ ਜ਼ਰੂਰਤ (15:9–17)

ਵੇਲ ਵਿਚ ''ਬਣੇ'' ਰਹਿਣ ਤੋਂ ਇਲਾਵਾ, ਚੇਲਿਆਂ ਨੂੰ ਪ੍ਰੇਮ ਵਿਚ ''ਬਣੇ'' ਰਹਿਣ ਲਈ ਵੀ ਕਿਹਾ ਜਾ ਸਕਦਾ ਸੀ। ਯਿਸੂ ਦੇ ਪੈਰੋਕਾਰਾਂ ਲਈ ਪ੍ਰੇਮ ਦਾ ਬਹੁਤ ਹੀ ਮਹੱਤਵ ਹੈ! ਪਹਿਲਾਂ, ਯਿਸੂ ਨੇ ਆਪਣੇ ਚੇਲਿਆਂ ਦੇ ਪੈਰ ਧੋ ਕੇ ਵਿਖਾਇਆ ਸੀ ਕਿ ਉਸ ਦੀ ਸਿੱਖਿਆ ਵਿਚ ਪ੍ਰੇਮ ਦਾ ਮਹੱਤਵ ਕਿਵੇਂ ਹੈ। ਉਸ ਮੌਕੇ ਤੇ, ਉਸ ਨੇ ਕਿਹਾ ਸੀ:

> ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ (13:34, 35)।

''ਇਕ ਦੂਏ ਨਾਲ ਪਿਆਰ ਕਰੋ ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ'' (15:12) ਕਹਿ ਕੇ ਯਿਸੂ ਨੇ ਪ੍ਰੇਮ ਦੀ ਲੋੜ ਦੱਸੀ। ਪਰਮੇਸ਼ੁਰ ਨਾਲ ਅਤੇ ਇਕ ਦੂਜੇ ਨਾਲ ਪ੍ਰੇਮ ਕਰਨਾ ਇੰਜੀਲ ਦੇ ਸੰਦੇਸ਼ ਦਾ ਸਾਰ ਹੈ (ਮੱਤੀ 22:34-40)। ਯੂਹੰਨਾ ਦੇ ਵਿਰਤਾਂਤ ਦੇ ਇਸ ਭਾਗ ਵਿਚ ਵੀ ਪ੍ਰੇਮ ਤੇ ਜ਼ੋਰ ਦਿੱਤਾ ਗਿਆ ਹੈ। ਸੀ. ਐਚ. ਡੌਡ ਨੇ ਧਿਆਨ ਦਿੱਤਾ ਕਿ ਸ਼ੁਰੂ ਦੇ ਬਾਰਾਂ ਅਧਿਆਇਆਂ ਵਿਚ ''ਪ੍ਰੇਮ'' ਸ਼ਬਦ ਸਿਰਫ਼ ਛੇ ਵਾਰ ਮਿਲਦਾ ਹੈ, ਜਦ ਕਿ 13 ਤੋਂ 17 ਅਧਿਆਇਆਂ ਵਿਚ 31 ਵਾਰ ਮਿਲਦਾ ਹੈ![2]

ਇਨ੍ਹਾਂ ਆਇਤਾਂ ਵਿਚ ''ਪ੍ਰੇਮ'' ਕੋਈ ਜਜ਼ਾਬਾਤੀ ਭਾਵਨਾ ਨਹੀਂ ਹੈ। ਇਸ ਦੇ ਉਲਟ,

ਯਿਸੂ ਨੇ ਸਾਫ਼ ਕੀਤਾ ਕਿ ਉਹ ਉਸ ਪ੍ਰੇਮ ਦੀ ਗੱਲ ਕਰ ਰਿਹਾ ਹੈ ਜੋ ਸਲੀਬ ਤੇ ਉਹਦੀ ਮੌਤ ਵਿਚ ਵੇਖਿਆ ਜਾ ਸਕਦਾ ਹੈ। ਭਾਂਵੇਂ ਚੇਲਿਆਂ ਨੂੰ ਇਹ ਸਮਝ ਨਹੀਂ ਆਈ ਹੋਵੇਗੀ ਕਿ ''ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ'' (15: 13) ਦਾ ਕੀ ਅਰਥ ਹੋਵੇਗਾ, ਪਰ ਤੁਸੀਂ ਅਤੇ ਮੈਂ ਵੇਖ ਸਕਦੇ ਹਾਂ ਕਿ ਉਹ ਅਗਲੇ ਦਿਨ ਹੋਣ ਵਾਲੀ ਆਪਣੀ ਮੌਤ ਦੀ ਹੀ ਗੱਲ ਕਰ ਰਿਹਾ ਸੀ। ਅੱਜ ਵੀ ਉਸ ਦੇ ਚੇਲਿਆਂ ਨੂੰ ਓਸੇ ਪ੍ਰੇਮ ਦੀ ਨਕਲ ਕਰਨ ਲਈ ਆਖਿਆ ਜਾਂਦਾ ਹੈ ਜਿਸ ਕਰਕੇ ਯਿਸੂ ਨੂੰ ਸੂਲੀ ਚੜ੍ਹਨਾ ਪਿਆ।

## ਸਾਰ

ਯਿਸੂ ਨੇ ਸਾਨੂੰ ਚਿਤਾਵਨੀ ਦਿੱਤੀ ਹੈ ਕਿ ਜੋ ਲੋਕ ਉਸਦੇ ਮਗਰ ਆਉਣ ਦੀ ਹਿੰਮਤ ਕਰਦੇ ਹਨ ਉਨ੍ਹਾਂ ਨੂੰ ਸਤਾਏ ਜਾਣ ਦੀ ਉਮੀਦ ਰੱਖ ਕੇ ਉਹਦੇ ਮਗਰ ਆਉਣਾ ਚਾਹੀਦਾ ਹੈ। ਕਿਸੇ ਨਾ ਕਿਸੇ ਰੂਪ ਵਿਚ, ਹਰ ਮਸੀਹੀ ਨੂੰ ਆਪਣੇ ਵਿਸ਼ਵਾਸ ਦੇ ਕਾਰਣ ਦੁੱਖ ਝੱਲਣਾ ਪੈਂਦਾ ਹੈ। ਦੁੱਖ ਆਉਣ ਵੇਲੇ ਸਾਨੂੰ ਕੀ ਕਰਨਾ ਚਾਹੀਦਾ ਹੈ? ਯਿਸੂ ਦਾ ਜਵਾਬ ਇਹ ਹੈ ਕਿ ''ਵੇਲ ਦੇ ਨਾਲ ਜੁੜੇ ਰਹੋ'' ਅਤੇ ''ਇਕ ਦੂਜੇ ਨੂੰ ਪ੍ਰੇਮ ਕਰੋ।''

ਯਿਸੂ ਇਹ ਸੰਦੇਸ਼ ਦੇ ਕੇ ਅਗਲੇ ਦਿਨ ਪ੍ਰੇਮ ਦੇ ਸਭ ਤੋਂ ਵੱਡੇ ਮੁਜ਼ਾਹਰੇ ਦੇ ਰੂਪ ਵਿਚ ਸਲੀਬ ਤੇ ਚੜ੍ਹਨ ਲਈ ਚਲਿਆ ਗਿਆ। ਪਰ ਬਦਲੇ ਵਿਚ ਉਸ ਨੂੰ ਪਿਆਰ ਨਹੀਂ ਮਿਲਿਆ। ਇਸ ਦੀ ਥਾਂ, ਉਸ ਨੂੰ ਗਾਲਾਂ ਕੱਢੀਆਂ ਗਈਆਂ, ਉਸ ਤੇ ਥੁੱਕਿਆ ਗਿਆ, ਕੁੱਟਿਆ ਗਿਆ, ਜ਼ਲੀਲ ਕੀਤਾ ਗਿਆ ਅਤੇ ਮਾਰ ਸੁੱਟਿਆ ਗਿਆ। ਸੰਸਾਰ ਦੀ ਵਿਵੇਕਹੀਣ ਨਫ਼ਰਤ ਦਾ ਇਹ ਸਭ ਤੋਂ ਖ਼ਤਰਨਾਕ ਨਜ਼ਾਰਾ ਸੀ। ਉਨ੍ਹਾਂ ਦੇ ਇਸ ਪਾਗ਼ਲਪਨ ਵਿਚ ਵੀ, ਯਿਸੂ ਨੇ ਵਫ਼ਾਦਾਰੀ ਅਤੇ ਪ੍ਰੇਮ ਵਿਖਾਇਆ। ਸਤਾਅ ਝੱਲ ਕੇ ਵੀ ਉਸ ਨੇ ਸਾਨੂੰ ਇਸ ਤੇ ਫ਼ਤਹਿ ਪਾਉਣ ਦਾ ਤਰੀਕਾ ਦੱਸਿਆ।

ਸਾਡੇ ਨਗਰ ਵਿਚ, ਆਮ ਨਾਲੋਂ ਵੱਖਰਾ ਮਾੜਾ ਦਿਨ ਹੋਣ ਤੇ ਅਸੀਂ ਇਕ ਵਾਕ ਵਰਤਦੇ ਹਾਂ। ਅਸੀਂ ਆਖਦੇ ਹਾਂ, ''ਮੇਰੀ ਮਾਂ ਕਹਿੰਦੀ ਹੁੰਦੀ ਸੀ ਐਹੋ ਜਿਹੇ ਦਿਨ ਵੇਖੋਗੇ!'' ਮਸੀਹ ਦਾ ਨਾਂਅ ਅਪਣਾਉਣ ਦੀ ਬਰਕਤ ਦੀ ਔਖੀ ਕੀਮਤ ਚੁਕਾਉਣ ਲਈ ਕਹੇ ਜਾਣ ਤੇ, ਅਸੀਂ ਇਵੇਂ ਕਹਿ ਸਕਦੇ ਹਾਂ, ''ਮੇਰਾ ਪ੍ਰਭੂ ਕਹਿੰਦਾ ਹੁੰਦਾ ਸੀ ਕਿ ਅਜਿਹਾ ਦਿਨ ਆਵੇਗਾ।'' ਉਸ ਨੇ ਸਿਰਫ਼ ਦੁੱਖ ਦੇ ਆਉਣ ਦੀ ਗੱਲ ਨਹੀਂ ਕੀਤੀ, ਸਗੋਂ ਸਾਨੂੰ ਇਹ ਵੀ ਦੱਸਿਆ ਕਿ ਦੁੱਖ ਆਉਣ ਤੇ ਅਸੀਂ ਕੀ ਕਰਨਾ ਹੈ: ਵੇਲ ਨਾਲ ਜੁੜੇ ਰਹੋ, ਅਤੇ ਇਕ ਦੂਜੇ ਨਾਲ ਪਿਆਰ ਕਰੋ।

---

ਟਿੱਪਣੀਆਂ

[1]ਵੇਖੋ ਯੂਹੰਨਾ 9:22, 34, 35. ਸਿਨਾਗੋਗ (ਸਮਾਜ ਮੰਦਿਰ) ਵਿੱਚੋਂ ਬਾਹਰ ਕੱਢਿਆ ਜਾਣਾ ਪ੍ਰਾਰਥਨਾ ਭਵਨ ਵਿੱਚੋਂ ਆਰਜ਼ੀ ਤੌਰ ਤੇ ਕੱਢੇ ਜਾਣ ਨਾਲੋਂ ਵੱਧ ਸੀ। ਸਿਨਾਗੋਗ (ਸਮਾਜ ਮੰਦਿਰ) ਇਕ ਫ਼ਿਰਕੇ ਦੇ ਸਮਾਜਿਕ ਅਤੇ ਧਾਰਮਿਕ ਕੇਂਦਰ ਨੂੰ ਕਿਹਾ ਜਾਂਦਾ ਸੀ। ਆਪਣੇ ਪਰਿਵਾਰ ਅਤੇ ਲੋਕਾਂ ਵਿੱਚੋਂ ਕੱਢਿਆ ਜਾਣਾ ਯਿਸੂ ਪਿੱਛੇ ਚੱਲਣ ਦੀ ਇਕ ਤਕਲੀਫ਼ਦੇਹ ਕੀਮਤ ਹੋਣੀ ਸੀ। [2]ਸੀ. ਐੱਚ. ਡੌਡ *ਦ ਇੰਟਰਪਰਿਟੇਸ਼ਨ ਆਫ਼ ਦ ਗੌਸਪਲ* (ਕੈਂਬ੍ਰਿਜ: ਦਿ ਯੂਨੀਵਰਸਿਟੀ ਪ੍ਰੈੱਸ, 1958), 398.